# 6

# ''ਤੇਰੇ ਘਰ ਦੀ ਗ਼ੈਰਤ''

## (2:12-22)

ਮਾੜੀਆਂ ਕਹਾਣੀਆਂ ਸਾਨੂੰ ਅੰਦਰ ਤਕ ਦੁਖੀ ਕਰਦੇ ਹੋਏ ਸਾਡੀ ਜ਼ਿੰਦਗੀ ਤੇ ਗਹਿਰਾ ਅਸਰ ਛੱਡਦੀਆਂ ਹਨ। ਕਿਸੇ ਪਸੰਦੀਦਾ ਹਸਤੀ ਜਾਂ ਆਪਣੇ ਸਨਮਾਨਿਤ ਲੀਡਰਾਂ ਤੇ ਅਚਾਨਕ ਨਸ਼ੇ ਦੀ ਵਰਤੋਂ ਕਰਨ, ਗ਼ੈਰ ਕਾਨੂੰਨੀ ਕੰਮ, ਬਦਚਲਨੀ ਜਾਂ ਮਾਰ ਕੁੱਟ ਦੇ ਇਲਜ਼ਾਮ ਲੱਗਣ ਤੇ ਅਸੀਂ ਹੈਰਾਨ ਰਹਿ ਜਾਂਦੇ ਹਾਂ। ਸਾਨੂੰ ਲਗਦਾ ਹੈ ਕਿ ਅਸੀਂ ਆਪਣੇ ਜੀਵਨ-ਸਾਥੀ, ਆਪਣੇ ਬੱਚਿਆਂ, ਆਪਣੇ ਭਾਈਆਂ ਜਾਂ ਭੈਣਾਂ ਜਾਂ ਐਥੋਂ ਤਕ ਕਿ ਖ਼ੁਦ ਆਪਣੇ ਆਪ ਨੂੰ ਵੀ ਨਹੀਂ ਜਾਣਦੇ ਹਾਂ। ਇਸ ਲਈ ਸਾਨੂੰ ਉਨ੍ਹਾਂ ਲੋਕਾਂ ਨਾਲ ਵੱਖ-ਵੱਖ ਹਾਲਾਤ ਦਾ ਅਨੁਭਵ ਹੋਣਾ ਜ਼ਰੂਰੀ ਹੈ, ਜਿਨ੍ਹਾਂ ਨੂੰ ਅਸੀਂ ਚੰਗੀ ਤਰ੍ਹਾਂ ਜਾਣਨਾ ਚਾਹੁੰਦੇ ਹਾਂ। ਡੇਟ ਤੇ ਜਾਣ ਵਾਲੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲ ਕੰਮ ਕਰਦਿਆਂ ਮੈਂ ਅਕਸਰ ਉਨ੍ਹਾਂ ਨੂੰ ਆਖਦਾ ਹਾਂ ਕਿ ਆਪਸ ਵਿਚ ਮਿਲਣ ਲੱਗਿਆਂ ਉਹ ਇਕ ਦੂਜੇ ਦੀ ਜ਼ਿੰਦਗੀ ਦੇ ਵੱਖ-ਵੱਖ ਹਾਲਾਤ ਵਿਚ ਪਤੀ ਜਾਂ ਪਤਨੀ ਦੇ ਰੂਪ ਵਿਚ ਵੇਖਣ। ਉਨ੍ਹਾਂ ਨੂੰ ਇਕ ਦੂਸਰੇ ਨੂੰ ਜ਼ਿੰਦਗੀ ਵਿਚ ਉਸ ਹਾਲਤ ਲਈ ਵੇਖਣਾ ਚਾਹੀਦਾ ਹੈ ਜਦ ਜ਼ਿੰਦਗੀ ਵਿਚ ਕੋਈ ਮੁਸ਼ਕਿਲ ਨਾ ਹੋਵੇ ਅਤੇ ਤਦ ਵੀ ਜਦ ਜ਼ਿੰਦਗੀ ਵਿਚ ਦੁੱਖ ਹੀ ਦੁੱਖ ਹੋਣ। ਇਕ-ਦੂਜੇ ਨੂੰ ਕਾਮਯਾਬੀ ਵਿਚ ਨਾਲ ਰਹਿਣ ਅਤੇ ਨਾਕਾਮੀ ਵੇਲੇ ਵੀ ਜ਼ਿੰਦਗੀ ਬਿਤਾਉਣ ਦੇ ਰੂਪ ਵਿਚ ਵੇਖਣ, ਕਿਉਂਕਿ ਕਿਸੇ ਨੂੰ ਵੱਖ-ਵੱਖ ਨਜ਼ਰੀਏ ਤੋਂ ਵੇਖਣ ਦਾ ਇਹੀ ਇਕ ਤਰੀਕਾ ਹੈ ਜਿਸ ਤੋਂ ਪਤਾ ਲਗ ਸਕਦਾ ਹੈ ਕਿ ਕੋਈ ਅਸਲ 'ਚ ਕਿਹੋ ਜਿਹਾ ਹੈ।

ਇਸ ਅਧਿਆਇ ਦੇ ਭਾਗ, ਯੂਹੰਨਾ 2:12-22 ਸਾਨੂੰ ਯਿਸੂ ਨੂੰ ਇਕ ਹੋਰ ਸੈਟਿੰਗ ਵਿਖਾਉਂਦਾ ਹੈ। ਇਸ ਵਾਰ ਉਹ ਅਜਿਹੀ ਥਾਂ ਹੈ ਜੋ ਪਹਿਲਾਂ ਨਾਲੋਂ ਵੱਡੀ, ਜਾਣੀ ਪਛਾਣੀ, ਅਤੇ ਕਾਨਾ ਵਿਚਲੇ ਵਿਆਹ ਨਾਲੋਂ ਵਧੇਰੇ ਨਿੱਜੀ ਹੈ। ਇਹ ਹਵਾਲਾ ਸਾਨੂੰ ਯਰੂਸ਼ਲਮ ਦੀ ਹੈਕਲ ਭਾਵ ਯਹੂਦੀ ਵਿਸ਼ਵਾਸ ਦੇ ਗੜ੍ਹ ਅਤੇ ਉਸ ਥਾਂ ਲੈ ਜਾਂਦੀ ਹੈ ਜਿੱਥੇ ਬਾਅਦ ਵਿਚ ਯਿਸੂ ਨੂੰ ਸਲੀਬ ਚੜ੍ਹਾਏ ਜਾਣ ਦੀ ਸਜ਼ਾ ਮਿਲਣੀ ਸੀ। ਇਸ ਉਲਟ ਹਾਲਤ ਵਿਚ ਯਿਸੂ ਨੂੰ ਵੇਖ ਅਤੇ ਸੁਣ ਕੇ ਸਾਨੂੰ ਪਰਮੇਸ਼ੁਰ ਦਾ ਪੁੱਤਰ ਹੋਣ ਦਾ ਦਾਅਵਾ ਕਰਨ ਵਾਲੇ ਦਾ ਇਕ ਹੋਰ ਪਹਿਲੂ ਨਜ਼ਰ ਆਉਂਦਾ ਹੈ। ਇਸ ਹਵਾਲੇ ਵਿਚ ਜੋ ਕੁਝ ਅਸੀਂ ਵੇਖਦੇ ਹਾਂ ਉਸ ਨਾਲ ਅਸੀਂ ਯਿਸੂ ਨੂੰ ਪਹਿਲਾਂ ਨਾਲੋਂ ਚੰਗੀ ਤਰ੍ਹਾਂ ਜਾਣ ਸਕਾਂਗੇ।

## ਅਸੀਂ ਉਸ ਦੀ ਨਰਾਜ਼ਗੀ ਵੇਖਦੇ ਹਾਂ (2:12-16)

ਇਹ ਗੱਲਾਂ ਪਸਾਹ ਦੇ ਨੇੜੇ-ਤੇੜੇ ਹੋਈਆਂ (2:13)। ਪਸਾਹ ਦਾ ਇਹ ਯਹੂਦੀ ਪਰਬ ਉਨ੍ਹਾਂ ਤਿੰਨਾਂ ਪਰਬ ਵਿੱਚੋਂ ਇਕ ਸੀ ਜਿਨ੍ਹਾਂ ਵਿਚ ਹਰ ਸਾਲ ਯਹੂਦੀ ਪੁਰਖ ਲਈ ਸ਼ਾਮਿਲ ਹੋਣਾ ਜ਼ਰੂਰੀ ਹੁੰਦਾ ਸੀ। ਇਹ ਮੂਸਾ ਦੇ ਸਮੇਂ ਇਸਰਾਏਲ ਦੇ ਮਿਸਰ ਤੋਂ ਛੁਟਕਾਰੇ ਦੀ ਯਾਦ ਵਿਚ ਯਹੂਦੀਆਂ ਨੂੰ ਯਾਦ ਦਵਾਉਣ ਲਈ ਸੀ ਕਿ ਉਹ ਇਕ ਕੌਮ ਕਿਵੇਂ ਬਣੇ। ਨਗਰ ਵਿਚ ਪਸਾਹ

ਦੇ ਪਰਬ ਦੇ ਦੌਰਾਨ ਮਹਿਮਾਨਾਂ ਦੇ ਆਉਣ ਨਾਲ ਯਰੂਸ਼ਲਮ ਦੀ ਅਬਾਦੀ ਕਈ ਗੁਣਾ ਵਧ ਗਈ ਸੀ। ਲੋਕ ਰਸ਼ ਤੋਂ ਰੁਮਾਂਚਿਤ ਹੁੰਦੇ ਸਨ ਜਿਸ ਨਾਲ ਕਈ ਸਾਲ ਬੀਤਣ ਤੇ ਪਸਾਹ ਦਾ ਇਹ ਪਰਬ ਅਜਿਹਾ ਸਮਾਂ ਬਣ ਗਿਆ ਸੀ ਜਦ ਮਸੀਹ ਦੇ ਆਉਣ ਦੀਆਂ ਆਸਾਂ ਵਧ ਗਈਆਂ ਸਨ।[1] ਲੋਕ ਇਕ ਦੂਜੇ ਨੂੰ ਪੁੱਛਦੇ ਸਨ, ''ਭਲਾ ਮਸੀਹ ਇਸ ਸਾਲ ਆਵੇਗਾ?'' ਇਸ ਲਈ ਪਸਾਹ ਦੇ ਦਿਨ ਇਹ ਕਲਪਨਾ ਕਰਨਾ ਅਸਾਨ ਸੀ ਕਿ ਉਹ ਆਵੇਗਾ!

ਯਰੂਸ਼ਲਮ ਆਉਣ ਤੇ ਯਿਸੂ ਵੱਲੋਂ ਵੇਖੀ ਹੈਕਲ ਅਸਲ ਵਿਚ ਇਸਰਾਏਲ ਦੇ ਇਤਿਹਾਸ ਵਿਚ ਤੀਜੀ ਹੈਕਲ ਸੀ। ਇਸ ਤੋਂ ਪਹਿਲਾਂ ਸੁਲੇਮਾਨ ਅਤੇ ਯਰੂਬਾਬੇਲ ਨੇ ਹੈਕਲ ਬਣਵਾਈ ਸੀ, ਹੈਰੋਦੇਸ ਮਹਾਨ ਵੱਲੋਂ ਬਣਾਏ ਜਾਣ ਕਰਕੇ ਇਸ ਨੂੰ ਹੈਰੋਦੇਸ ਦੀ ਹੈਕਲ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਸ ਮੌਕੇ ਦੇ ਯਿਸੂ ਦੇ ਹੈਕਲ ਵਿਚ ਆਉਣ ਵੇਲੇ ਇਸ ਨੂੰ ਬਣਦੇ ਛਿਆਲੀ ਸਾਲ ਬੀਤ ਚੁਕੇ ਸਨ (2:20) ਅਤੇ ਅਗਲੇ ਪੈਂਤੀ ਸਾਲ ਭਾਵ 64 ਈਸਵੀ ਤਕ ਇਸ ਦੇ ਪੂਰਾ ਹੋਣ ਦੀ ਉਮੀਦ ਸੀ।[2] ਹੈਕਲ ਵਾਲੀ ਥਾਂ ਅਸਲ ਵਿਚ ਵਿਸ਼ਾਲ ਅਹਾਤਿਆਂ ਅਤੇ ਹੈਕਲ ਨਾਲ ਜੁੜੀ ਕੰਧ ਦਾ ਇਕ ਵਿਸ਼ਾਲ ਖੇਤਰ ਸੀ। ਹੈਕਲ ਵਿਚ ਵੜਨ ਤੋਂ ਪਹਿਲਾਂ ਗੈਰ ਕੌਮਾਂ ਦਾ ਅਹਾਤਾ ਆਉਂਦਾ ਸੀ। ਇਸ ਵਿਚ ਕੋਈ ਵੀ ਆ ਜਾ ਸਕਦਾ ਸੀ। ਇਸ ਤੋਂ ਅੱਗੇ ਔਰਤਾਂ ਦਾ ਵਿਹੜਾ ਸੀ, ਜਿੱਥੇ ਸਿਰਫ਼ ਯਹੂਦੀ ਲੋਕ ਹੀ ਜਾ ਸਕਦੇ ਸਨ। ਅਖ਼ੀਰ ਵਿਚ ਇਕ ਅਹਾਤਾ ਹੋਰ ਸੀ ਜਿੱਥੇ ਸਿਰਫ਼ ਯਹੂਦੀ ਯਾਜਕਾਂ ਨੂੰ ਜਾਣ ਦੀ ਇਜਾਜ਼ਤ ਸੀ। ਇਹ ਭਾਗ ਭਵਨ ਦਾ ਉਹ ਸਥਾਨ ਸੀ ਜਿਸ ਨੂੰ ਸਾਡੇ ਵਿੱਚੋਂ ਬਹੁਤੇ ਲੋਕ ''ਹੈਕਲ'' ਆਖਦੇ ਹਨ।

ਗ਼ੈਰਕੌਮਾਂ ਦਾ ਅਹਾਤਾ ਹੈਕਲ ਵਿਚ ਅਜਿਹੀ ਥਾਂ ਸੀ ਜਿੱਥੇ ਕੋਈ ਵੀ ਆ ਜਾ ਸਕਦਾ ਸੀ, ਇਸ ਕਰਕੇ ਇਹ ਥਾਂ ਵਪਾਰੀਆਂ ਅਤੇ ਪੈਸੇ ਦਾ ਕਾਰੋਬਾਰ ਕਰਨ ਵਾਲਿਆਂ ਲਈ ਵਪਾਰ ਦਾ ਅੱਡਾ ਬਣ ਗਿਆ ਸੀ। ਦੂਰ ਦਰਾਜ਼ ਤੋਂ ਆਉਣ ਵਾਲੇ ਬੰਦਗੀ ਕਰਨ ਵਾਲਿਆਂ ਨੂੰ ਕੁਰਬਾਨੀ ਭੇਂਟ ਕਰਨ ਲਈ ਪਸ਼ੂ ਖਰੀਦਣੇ ਹੁੰਦੇ ਸਨ, ਇਸ ਲਈ ਉੱਥੇ ਭੇਡਾਂ, ਕਬੂਤਰਾਂ ਅਤੇ ਗਾਵਾਂ ਵੇਚਣ ਵਾਲੇ ਵੀਹ ਸਾਲਾਂ ਤੋਂ ਉੱਪਰ ਦੇ ਹਰ ਯਹੂਦੀ ਪੁਰਖ ਤੋਂ ਹੈਕਲ ਲਈ ਜਜ਼ੀਆ ਦੇਣ ਦੀ ਆਸ ਕੀਤੀ ਜਾਂਦੀ ਸੀ, ਜਿਸ ਨਾਲ ਹੈਕਲ ਦੀ ਜ਼ਮੀਨ ਤੇ ਪੈਸੇ ਦਾ ਲੈਣ ਦੇਣ ਕਰਨ ਵਾਲਿਆਂ ਨੂੰ ਵਪਾਰ ਕਰਨ ਦਾ ਮੌਕਾ ਮਿਲ ਜਾਂਦਾ ਸੀ। ਇਨ੍ਹਾਂ ਸਭ ਗਤੀਵਿਧੀਆਂ ਤੋਂ ਹੈਕਲ ਦੇ ਵਿਹੜੇ ਵਿਚ ਕਾਫ਼ੀ ਭੀੜ-ਭੜੱਕਾ ਅਤੇ ਰੌਲਾ ਰਹਿੰਦਾ ਸੀ। ਲੋਕਾਂ ਨੂੰ ਇਹ ਸਭ ਇਸੇ ਤਰ੍ਹਾਂ ਕਬੂਲਣਾ ਪੈਂਦਾ ਸੀ। ਯਿਸੂ ਦਾ ਉੱਥੇ ਆਉਣਾ ਅਜਿਹੇ ਸਮੇਂ ਵਿਚ ਹੋਇਆ।

ਯਿਸੂ ਨੇ ਹੈਕਲ ਵਿਚ ਉੱਥੇ ਹੋਣ ਵਾਲੀਆਂ ਗਤੀਵਿਧੀਆਂ ਨੂੰ ਇਕ ਹੋਰ ਨਜ਼ਰੀਏ ਨਾਲ ਵੇਖਿਆ। ਯੂਹੰਨਾ ਲਿਖਦਾ ਹੈ:

> ਉਪਰੰਤ ਉਸ ਨੇ ਰੱਸੀ ਦਾ ਕੋਰੜਾ ਬਣਾ ਕੇ ਸਭਨਾਂ ਨੂੰ ਹੈਕਲੋਂ ਬਾਹਰ ਕੱਢ ਦਿੱਤਾ, ਨਾਲੇ ਭੇਡਾਂ, ਨਾਲੇ ਡੰਗਰ ਅਤੇ ਸਰਾਫ਼ਾਂ ਦੀ ਰੋਕੜ ਖਿੰਡਾ ਦਿੱਤੀ ਅਤੇ ਤਖ਼ਤਪੋਸ਼ ਉਲਟਾ ਸੁੱਟੇ। ਅਰ ਕਬੂਤਰ ਵੇਚਣ ਵਾਲਿਆਂ ਨੂੰ ਆਖਿਆ, ਇਨ੍ਹਾਂ ਚੀਜ਼ਾਂ ਨੂੰ ਐਥੋਂ ਲੈ ਜਾਓ! ਮੇਰੇ ਪਿਤਾ ਦੇ ਘਰ ਨੂੰ ਵਪਾਰ ਦੀ ਮੰਡੀ ਨਾ ਬਣਾਓ! (2:15, 16)।

ਇਹ ਸੰਕੇਤ ਦਿੰਦਿਆਂ ਕਿ ਯਿਸੂ ਬੇਈਮਾਨੀ ਦੇ ਕਾਰੋਬਾਰ ਤੋਂ ਨਾਰਾਜ਼ ਹੋਇਆ ਸੀ, ਮੱਤੀ, ਮਰਕੁਸ ਅਤੇ ਲੂਕਾ ਨੇ ਹੈਕਲ ਨੂੰ ਸ਼ੁੱਧ ਕਰਨ ਦੀ ਕਹਾਣੀ ਦਾ ਵਿਚ ਹੀ ਜ਼ਿਕਰ ਕਰ ਕੇ ਸੰਕੇਤ

ਦਿੱਤਾ ਕਿ ਯਿਸੂ ਨੇ ਵਪਾਰੀਆਂ ਦੇ ਵਪਾਰ ਤੇ ਇਤਰਾਜ਼ ਜ਼ਾਹਿਰ ਕੀਤਾ ਸੀ ਜਿਸ ਨਾਲ ਉਨ੍ਹਾਂ ਹੈਕਲ ਨੂੰ ''ਡਾਕੂਆਂ ਦੀ ਖੋਹ''[3] ਬਣਾ ਦਿੱਤਾ ਸੀ। ਪਰ ਯੂਹੰਨਾ ਨੇ ਸੰਕੇਤ ਦਿੱਤਾ ਕਿ ਯਿਸੂ ਨੂੰ ਹੈਕਲ ਵਿਚ ਹੋਣ ਵਾਲੇ ਕਿਸੇ ਵੀ ਵਪਾਰ ਤੇ ਇਤਰਾਜ਼ ਸੀ। ਹੈਕਲ ਦੁਆ ਦੇ ਘਰ ਭਾਵ ਅਜਿਹੀ ਥਾਂ ਦੇ ਰੂਪ ਵਿਚ ਬਣਾਈ ਗਈ ਸੀ ਜਿੱਥੇ ਸਭ ਕੌਮਾਂ ਦੇ ਲੋਕ ਆ ਕੇ ਖ਼ੁਦਾ ਦੀ ਬੰਦਗੀ ਕਰ ਸਕਣ। ਜੋ ਕੁਝ ਯਿਸੂ ਨੇ ਉੱਥੇ ਵੇਖਿਆ ਉਹ ਕਿਸੇ ਰੂਹਾਨੀ ਮੇਲੇ ਜਾਂ ਇਕ ਵਪਾਰਕ ਕੇਂਦਰ ਜਾਂ ਮੰਡੀ ਵਰਗਾ ਸੀ। ਹਾਲਾਤ ਤੇ ਕਾਬੂ ਪਾਉਣ ਅਤੇ ਹੈਕਲ ਵਿੱਚੋਂ ਵਪਾਰੀਆਂ ਅਤੇ ਪਸ਼ੂਆਂ ਨੂੰ ਕੱਢਣ ਦੌਰਾਨ ਜ਼ਰੂਰੀ ਸੀ ਕਿ ਉਸ ਦਾ ਚਿਹਰਾ ਅੱਗ ਬਬੂਲਾ ਅਤੇ ਭੈਭੀਤ ਕਰ ਦੇਣ ਵਾਲਾ ਲੱਗ ਰਿਹਾ ਹੋਵੇਗਾ।

ਯਿਸੂ ਅਤੇ ਪੌਲੁਸ ਦੋਹਾਂ ਨੇ ਹੀ ਜ਼ਿੰਦਗੀ ਦੇ ਢੰਗ ਦੇ ਰੂਪ ਵਿਚ ਗੁੱਸਾ ਕਰਨ ਨੂੰ ਗ਼ਲਤ ਦੱਸਿਆ ਹੈ।[4] ਪਰ ਕਦੇ-ਕਦੇ ਯਿਸੂ ਨੇ ਗੁਸਾ ਕੀਤਾ ਅਤੇ ਉਹ ਗੁੱਸਾ ਬਿਨਾਂ ਪਾਪ ਦੇ ਕੀਤਾ ਸੀ[5] ਗੁੱਸੇ ਦੇ ਇਨ੍ਹਾਂ ਦੋਹਾਂ ਰੂਪਾਂ ਵਿਚ ਕੀ ਫ਼ਰਕ ਹੈ? ਜ਼ਾਹਿਰ ਤੌਰ ਤੇ ਇਕ ਤਾਂ ਅਜਿਹਾ ਗੁੱਸਾ ਹੈ ਜਿਹੜਾ ਛੋਟੇਪਣ ਅਤੇ ਅਸੁੱਰਖਿਆ ਜਾਂ ਨਾਕਾਮੀ ਦੀ ਭਾਵਨਾ ਨਾਲ ਆਉਂਦਾ ਹੈ। ਦੂਜਾ ਖ਼ੁਦਾਈ ਗੁੱਸਾ ਅਜਿਹਾ ਹੈ ਜਿਹੜਾ ਉਦੋਂ ਭੜਕਦਾ ਹੈ ਜਦ ਦੂਜਿਆਂ ਦੇ ਕੰਮਾਂ ਨਾਲ ਲੋਕਾਂ ਦਾ ਨੁਕਸਾਨ ਹੁੰਦਾ ਹੈ ਜਾਂ ਉਨ੍ਹਾਂ ਨੂੰ ਖ਼ੁਦਾ ਤੋਂ ਦੂਰ ਕੀਤਾ ਜਾਂਦਾ ਹੋਵੇ। ਯਿਸੂ ਨੇ ਵੇਖਿਆ ਕਿ ਹੈਕਲ ਵਿਚ ਹੋਣ ਵਾਲੀ ਸੌਦੇਬਾਜ਼ੀ ਲੋਕਾਂ ਨੂੰ ਖ਼ੁਦਾ ਤੋਂ ਦੂਰ ਕਰ ਰਹੀ ਸੀ ਅਤੇ ਇਸ ਨੂੰ ਬਿਲਕੁਲ ਬ੍ਰਦਾਸ਼ਤ ਨਹੀਂ ਕੀਤਾ ਜਾ ਸਕਦਾ ਸੀ।

ਹੈਕਲ ਦੇ ਨਜ਼ਾਰੇ ਦੀ ਇਕ ਆਮ ਪ੍ਰਸੰਗਿਕਤਾ ਇਹ ਹੈ ਕਿ ਅਸੀਂ ਬੰਦਗੀ ਤੇ ਇਕੱਠੇ ਹੋਏ ਆਪਣੇ ਭਾਈਆਂ ਅਤੇ ਭੈਣਾਂ ਨਾਲ ਕਿਹੋ ਜਿਹਾ ਸਲੂਕ ਕਰਦੇ ਹਾਂ। ਮੈਂ ਬਹੁਤ ਸਾਰੇ ਲੋਕਾਂ ਖ਼ਾਸ ਕਰ ਡਾਕਟਰਾਂ ਅਤੇ ਵਪਾਰੀਆਂ ਨੂੰ ਜਾਣਦਾ ਹਾਂ ਜਿਨ੍ਹਾਂ ਨੂੰ ਬੰਦਗੀ ਕਰਨ ਤੇ ਮੁਸ਼ਕਿਲ ਆਉਂਦੀ ਹੈ ਕਿਉਂਕਿ ਬੰਦਗੀ ਤੋਂ ਪਹਿਲਾਂ ਅਤੇ ਬਾਅਦ ਲੋਕ ਉਨ੍ਹਾਂ ਤੋਂ ਪੇਸ਼ੇ ਨਾਲ ਜੁੜੇ ਸਵਾਲ ਪੁੱਛਣ ਲਗਦੇ ਹਨ। ਉਹ ਆਉਂਦੇ ''ਪ੍ਰਾਰਥਨਾ ਦੇ ਘਰ'' ਹਨ ਪਰ ਆਪਣੇ ਆਪ ਨੂੰ ''ਵਪਾਰ ਦੇ ਘਰ'' ਪਾਉਂਦੇ ਹਨ। ਸਮੇਂ-ਸਮੇਂ ਤੇ ਸਭ ਨੂੰ ਕਲੀਸੀਆਵਾਂ ਦੀਆਂ ਸਭਾਵਾਂ ਵਿਚ ਵਪਾਰ ਨੂੰ ਬਾਹਰ ਛੱਡ ਆਉਣ ਦੀ ਗੱਲ ਤੇ ਧਿਆਨ ਦੁਆਉਣਾ ਜ਼ਰੂਰੀ ਹੈ ਤਾਂ ਕਿ ਹਰ ਕੋਈ ਬਿਨਾਂ ਕਿਸੇ ਰੁਕਾਵਟ ਦੇ ਬੰਦਗੀ ਕਰ ਸਕੇ।

ਹੈਕਲ ਵਿਚ ਯਿਸੂ ਦਾ ਵਿਹਾਰ ਸਾਡੀ ਜ਼ਿੰਦਗੀਆਂ ਵਿਚ ਆਪਣੇ ਆਪ ਤੋਂ ਇਹ ਪੁੱਛਣ ਲਈ ਲਾਗੂ ਹੁੰਦਾ ਹੈ, ''ਕੀ ਮੈਨੂੰ ਉਨ੍ਹਾਂ ਹਾਲਾਤ ਵਿਚ ਗੁੱਸਾ ਆਉਂਦਾ ਹੈ ਜਿਸ ਵਿਚ ਯਿਸੂ ਨੂੰ ਆਇਆ ਸੀ।'' ਅਜਿਹੀਆਂ ਗੱਲਾਂ ਵਿਚ ਗੁੱਸਾ ਨਹੀਂ ਆਇਆ ਅਤੇ ਫਿਰ ਅਜਿਹੀਆਂ ਮੁਸ਼ਕਿਲਾਂ ਤੇ ਸ਼ਾਂਤ ਹੋਣ ਦੀ ਅਜ਼ਮਾਇਸ਼ ਵਿਚ ਪੈ ਸਕਦੇ ਹਨ ਜਿਨ੍ਹਾਂ ਕਰਕੇ ਯਿਸੂ ਨੇ ਹੈਕਲ ਨੂੰ ਸ਼ੁੱਧ ਕੀਤਾ ਸੀ। ਯਿਸੂ ਦਾ ਗੁੱਸਾ ਜਾਇਜ਼, ਸਕਾਰਤਮਕ, ਨਿਹਕਲੰਕ ਸੀ। ਇਹ ਗੁੱਸਾ ਹੋਰਨਾਂ ਦੇ ਫ਼ਾਇਦੇ ਲਈ ਉਸਦੇ ਪ੍ਰੇਮ ਦੇ ਕਰਕੇ ਸੀ।

ਸਾਡੇ ਵਿੱਚੋਂ ਬਹੁਤੇ ਲੋਕਾਂ ਨੂੰ ਗੁੱਸਾ ਆਉਂਦਾ ਹੈ। ਕਈਆਂ ਲਈ ਆਪਣੀਆਂ ਜ਼ਿੰਦਗੀਆਂ ਵਿਚ ਇਹ ਬਹੁਤ ਹੀ ਗ਼ਲਤ ਤਰ੍ਹਾਂ ਦਾ ਗੁੱਸਾ ਹੈ। ਦੂਜਿਆਂ ਦੀ ਜ਼ਿੰਦਗੀਆਂ ਵਿਚ ਗੁੱਸਾ ਖ਼ੁਦਾਈ ਨਹੀਂ ਹੈ, ਉਦਾਹਰਣ ਲਈ ਸਾਨੂੰ ਆਪਣੇ ਦੇਸ਼ ਵਿਚ ਵੋਟ ਪਾਉਣ ਵਿਚ ਆਈ ਨੈਤਿਕ ਗਿਰਾਵਟ ਤੇ ਗੁੱਸਾ ਆਉਂਦਾ ਹੈ। 1990 ਦੀ ਅਮਰੀਕਾ ਦੀ ਕੌਮੀ ਚੋਣ ਦੌਰਾਨ 90 ਫ਼ੀਸਦੀ ਸਮਲਿੰਗੀਆਂ ਨੇ ਵੋਟ ਪਾਏ ਜਦ ਕਿ ਯਿਸੂ ਦੇ ਪੈਰੋਕਾਰ ਅਖਵਾਉਣ ਵਾਲੇ ਸਿਰਫ਼ 35 ਫ਼ੀਸਦੀ

ਲੋਕਾਂ ਨੇ ਹੀ ਵੋਟਾਂ ਪਾਈਆਂ। ਅਜਿਹੀ ਉਦਾਸੀਨਤਾ ਤੋਂ ਪਤਾ ਲਗਦਾ ਹੈ ਕਿ ਖ਼ੁਦਾਈ ਕ੍ਰੋਧ ਦਾ ਹੋਣਾ ਜ਼ਰੂਰੀ ਹੈ।

ਅਣਵਿਆਹੇ ਮਾਪਿਆਂ ਵੱਲੋਂ ਤਿਆਗੇ ਗਏ ਬੱਚਿਆਂ ਬਾਰੇ ਤੁਸੀਂ ਕੀ ਕਹਿੰਦੇ ਹੋ? ਕੀ ਉਨ੍ਹਾਂ ਦੀ ਦੁਰਦਸ਼ਾ ਤੋਂ ਤੁਸੀਂ ਦੁਖੀ ਹੁੰਦੇ ਹੋ ਅਤੇ ਤੁਹਾਨੂੰ ਐਨਾ ਗੁੱਸਾ ਆਉਂਦਾ ਹੈ ਕਿ ਤੁਸੀਂ ਉਨ੍ਹਾਂ ਦੀ ਮਦਦ ਲਈ ਕੁਝ ਕਰੋ। ਜੇਮਸ ਡੋਬਸਨ ਨੇ ਸਾਡੀ ਸੱਭਿਅਤਾ ਵਿਚ ਕੁਝ ਆਸਵੰਦ ਝੁਕਾਵਾਂ ਦੀ ਗੱਲ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਉਹ ਅਜਿਹੇ ਜਵਾਨਾਂ ਨੂੰ ਵੇਖ ਰਿਹਾ ਹੈ ਜਿਹੜੇ ਬੱਚਿਆਂ ਨੂੰ ਤਿਆਗਣ ਤੇ ਬਹੁਤ ਨਾਰਾਜ਼ ਹਨ ਕਿਉਂਕਿ ਉਨ੍ਹਾਂ ਨੇ ਸੁਆਰਥੀ ਮਾਪਿਆਂ ਹੱਥੋਂ ਬੜੀ ਤਕਲੀਫ਼ ਝੱਲੀ ਹੈ ਅਤੇ ਹੁਣ ਉਹ ਪਿਛਲੀ ਪੀੜ੍ਹੀ ਦੇ ਮੁਕਾਬਲੇ ਤਲਾਕ ਦੇ ਬਹੁਤੇ ਵਿਰੋਧੀ ਹਨ। ਗੁੱਸਾ ਉਨ੍ਹਾਂ ਵਿਚ ਇਕ ਸਕਾਰਾਤਮਕ ਵਿਸ਼ੇ ਵਿਚ ਕੰਮ ਕਰ ਰਿਹਾ ਹੈ।

ਕਿਸੇ ਦੇਸ਼ ਵਿਚ ਪਾਈ ਜਾਣ ਵਾਲੀ ਸ਼ੈਤਾਨ ਦੀ ਸ਼ਕਤੀ ਬਾਰੇ ਤੁਸੀਂ ਕੀ ਕਹਿੰਦੇ ਹੋ? ਜਦ ਤੁਸੀਂ ਜੰਗ, ਬੀਮਾਰੀ, ਭੁੱਖ ਅਤੇ ਜ਼ਰੂਰਤ ਦੀਆਂ ਹੋਰ ਚੀਜ਼ਾਂ ਬਾਰੇ ਸੁਣਦੇ ਹੋ ਤਾਂ ਕੀ ਤੁਹਾਨੂੰ ਐਨਾ ਗੁੱਸਾ ਆਉਂਦਾ ਹੈ ਕਿ ਤੁਸੀਂ ਜਾ ਕੇ ਜਾਂ ਉਨ੍ਹਾਂ ਦੀ ਜਿਹੜੇ ਉੱਥੇ ਜਾ ਸਕਦੇ ਹਨ ਮਦਦ ਕਰਕੇ ਉਨ੍ਹਾਂ ਦੀ ਮਦਦ ਕਰੋ? ਕੀ ਤੁਸੀਂ ਅਰਾਮ ਨਾਲ ਬੈਠ ਕੇ ਸ਼ੈਤਾਨ ਨੂੰ ਆਪਣੇ ਤਰੀਕੇ ਨਾਲ ਸੰਸਾਰ ਵਿਚ ਕੰਮ ਕਰਨ ਦੀ ਇਜਾਜ਼ਤ ਦੇ ਸਕਦੇ ਹੋ?

ਖ਼ੁਦਾ ਕਰੇ ਕਿ ਅਸੀਂ ਗੁੱਸਾ ਕਰਨ ਵਾਲੇ ਭਾਵ ਆਮ, ਸੁਆਰਥੀ, ਨਾਕਾਮ ਨਹੀਂ, ਬਲਕਿ ਸੰਸਾਰ ਵਿਚ ਪਾਏ ਜਾਣ ਵਾਲੇ ਦੁੱਖ ਤੇ ਗੁੱਸਾ ਕਰਨ ਵਾਲੇ ਲੋਕ ਬਣੀਏ। ਕਾਸ਼ ਉਹ ਸਾਨੂੰ ਐਨਾ ਗੁੱਸੇ ਵਾਲੇ ਬਣਾ ਦੇਵੇ ਕਿ ਅਸੀਂ ਪ੍ਰੇਮ ਕਰਨਾ ਸਿੱਖ ਜਾਈਏ!

## ਅਸੀਂ ਪਛਾਣ ਦੇ ਉਸ ਦੇ ਬੋਧ ਨੂੰ ਵੇਖਦੇ ਹਾਂ (2:16, 17)

ਪਾਰਕਿੰਗ ਵਿਚ ਘੁੰਮਦੇ ਹੋਏ ਕਿਸੇ ਠ੍ਹੇਲੇ ਦੀ ਟੱਕਰ ਨਾਲ ਚਿੱਬ ਪਈ ਕਾਰ ਨੂੰ ਵੇਖਣਾ ਵੱਖਰੀ ਗੱਲ ਹੈ ਪਰ ਇਹ ਪਤਾ ਲੱਗਣ ਤੇ ਕਿ ਚਿੱਬ ਪਈ ਕਾਰ ਮੇਰੀ ਹੈ, ਗੱਲ ਬਿਲਕੁਲ ਹੀ ਬਦਲ ਜਾਂਦੀ ਹੈ। ਕਿਸੇ ਦੇ ਘਰ ਦੇ ਸਾਹਮਣੇ ਸੁੱਟੇ ਗਏ ਖ਼ਾਲੀ ਡੱਬਿਆਂ ਨੂੰ ਵੇਖਣਾ ਇਕ ਵੱਖਰੀ ਗੱਲ ਹੈ ਪਰ ਜੇ ਉਹ ਘਰ ਮੇਰਾ ਹੀ ਹੋਵੇ ਤਾਂ ਗੱਲ ਬਿਲਕੁਲ ਵੱਖਰੀ ਹੋ ਜਾਂਦੀ ਹੈ! ਪਾਰਕ ਵਿਚ ਪਏ ਬੈਂਚ ਨੂੰ ਖ਼ਰਾਬ ਹੋਇਆ ਵੇਖ ਕੇ ਮੈਨੂੰ ਗੁੱਸਾ ਆਉਂਦਾ ਹੈ ਪਰ ਜੇ ਲੱਕੜੀ ਦਾ ਬੈਂਚ ਜਿਸ ਨੂੰ ਕਿਸੇ ਨੇ ਖ਼ਰਾਬ ਕਰ ਦਿੱਤਾ ਜਾਂ ਤੋੜ ਦਿੱਤਾ ਹੈ, ਉਹ ਮੇਰਾ ਹੋਵੇ ਤਾਂ ਗੁੱਸਾ ਹੋਰ ਵੀ ਵਧ ਜਾਂਦਾ ਹੈ। ਜਦ ਕੋਈ ਚੀਜ਼ ਸਾਡੀ ਨਾ ਹੋਵੇ ਤਾਂ ਅਸੀਂ ਉਸ ਵਿਚ ਘੱਟ ਦਿਲਚਸਪੀ ਲੈਂਦੇ ਹਾਂ। ਪਰ ਸਾਡੀ ਚੀਜ਼ ਨਾਲ ਛੇੜ-ਛਾੜ ਹੋਣ ਤੇ ਅਸੀਂ ਉਸ ਨੂੰ ਸੰਜੀਦਗੀ ਨਾਲ ਲੈਂਦੇ ਹਾਂ।

ਜਦ ਯਿਸੂ ਨੇ ਵੇਖਿਆ ਕਿ ਕਿਵੇਂ ਹੈਕਲ ਦੀ ਦੁਰਵਰਤੋਂ ਹੋ ਰਹੀ ਹੈ, ਤਾਂ ਉਸ ਨੇ ਇਸ ਨੂੰ ਬੜੇ ਹੀ ਨਿੱਜੀ ਰੂਪ ਵਿਚ ਲਿਆ ਸੀ। ਯਿਸੂ ਨੇ ਇਸ ਨੂੰ ''ਮੇਰੇ ਪਿਤਾ ਦਾ ਘਰ'' (2: 16) ਆਖਿਆ। ਉਹਦੇ ਲਈ ਇਹ ਯਹੂਦੀਆਂ ਦੀ ਹੈਕਲ ਜਾਂ ਯਰੂਸ਼ਲਮ ਦੇ ਕਿਸੇ ਹੋਰ ਸਰਕਾਰੀ ਭਵਨ ਨਾਲੋਂ ਕਿਤੇ ਵੱਧ ਸੀ। ਕਿਉਂਕਿ ਇਹ ਉਹਦੇ ਪਿਤਾ ਦਾ ਘਰ ਸੀ। ਉੱਥੇ ਹੋਣ ਵਾਲੀਆਂ ਗੱਲਾਂ ਨਾਲ ਯਿਸੂ ਐਨਾ ਉਦਾਸ ਹੋ ਗਿਆ ਸੀ ਕਿ ਇਸ ਨਾਲ ਉਸਦੇ ਚੇਲਿਆਂ ਦਾ ਧਿਆਨ ਜ਼ਬੂਰ 69 ਦੀ ਆਇਤ ਵੱਲ ਗਿਆ। ਇੱਥੇ ਲਿਖਿਆ ਹੈ, ''ਤੇਰੇ ਘਰ ਦੀ ਗੈਰਤ ਮੈਨੂੰ ਖਾ ਗਈ ਹੈ'' (ਆਇਤ 9)। ''ਖਾ ਗਈ'' ਸ਼ਬਦ ਵਿਚ ''ਨਿਗਲਣ'' ਜਾਂ ''ਭਸਮ ਹੋਣਾ'' ਦਾ ਵਿਚਾਰ ਮਿਲਦਾ ਹੈ। ਹੈਕਲ ਨੂੰ ਐਨਾ ਜ਼ਿਆਦਾ ਗੰਦਾ ਕਰ ਦਿੱਤਾ ਜਾ ਰਿਹਾ ਸੀ ਕਿ ਇਸ ਨੂੰ

ਮਸ਼ਹੂਰ ਕਹਾਵਤ ਦੇ ਰੂਪ ਵਿਚ ਕਹੀਏ ਤਾਂ ਇਹ ''ਯਿਸੂ ਨੂੰ ਜਿਉਂਦੇ ਖਾ ਰਿਹਾ ਸੀ।'' ਯਿਸੂ ਲਈ ਇਸ ਜਗ੍ਹਾ ਦੀ ਅਹਿਮੀਅਤ ਕਿਸੇ ਜਨਤਕ ਥ੍ਹਾਂ ਨਾਲੋਂ ਕਿਤੇ ਵੱਧ ਸੀ ਕਿਉਂਕਿ ਇਹ ਉਸ ਦੇ ਪਿਤਾ ਦਾ ਘਰ ਸੀ!

ਇਹ ਤੱਥ ਕਿ ਹੈਕਲ ਵਿਚ ਹੋਣ ਵਾਲੀਆਂ ਗੱਲਾਂ ਨੂੰ ਯਿਸੂ ਨੇ ਨਿੱਜੀ ਰੂਪ ਵਿਚ ਲਿਆ, ਇਕ ਹੋਰ ਸੰਕੇਤ ਹੈ ਕਿ ਯਿਸੂ ਆਪਣੇ ਆਪ ਨੂੰ ਕੀ ਮੰਨਦਾ ਸੀ। ਵਪਾਰੀਆਂ ਤੇ ਗੁੱਸਾ ਕਰਦਿਆਂ ਕਿ ਇਹ ''ਮੇਰੇ ਪਿਤਾ ਦਾ ਘਰ ਹੈ'' ਯਿਸੂ ਇਹ ਵੀ ਕਹਿ ਰਿਹਾ ਸੀ ਕਿ ''ਮੈਂ ਪਰਮੇਸ਼ੁਰ ਦਾ ਪੁੱਤਰ ਹਾਂ।'' ਇਹੀ ਉਹ ਦਾਅਵਾ ਹੈ ਜਿਸ ਤੇ ਯੂਹੰਨਾ ਸਾਨੂੰ ਆਪਣੇ ਬ੍ਰਿਤਾਂਤ ਦੇ ਅਖ਼ੀਰ ਵਿਚ ਵਿਸ਼ਵਾਸ ਦੁਆਉਣਾ ਚਾਹੁੰਦਾ ਸੀ (20:31)।

ਆਪਣੇ ਆਪ ਨੂੰ ਪੁੱਛੀਏ ''ਮੈਂ ਪਰਮੇਸ਼ੁਰ ਦੀਆਂ ਗੱਲਾਂ ਨੂੰ ਕਿੰਨਾ ਸਮਝਦਾ ਹਾਂ'' ਕੀ ਮੈਂ ਇਸ ਸੰਸਾਰ ਨੂੰ ਆਪਣੇ ਪਿਤਾ ਦੇ ਸੰਸਾਰ ਦੇ ਰੂਪ ਵਿਚ ਵੇਖਦਾ ਹਾਂ?; ''ਕੀ ਮੈਂ ਕਲੀਸੀਆ ਦੀ ਰੱਖਿਆ 'ਆਪਣੇ ਪਿਤਾ ਦੀ ਕਲੀਸੀਆ' ਦੇ ਰੂਪ ਵਿਚ ਮੈਂ ਕਰਦਾ ਹਾਂ?''; ''ਕੀ ਮੈਂ ਇੰਜੀਲ ਦੇ ਪ੍ਰਚਾਰਕ ਦੇ ਕੰਮ ਨੂੰ 'ਆਪਣੇ ਪਿਤਾ ਦੇ ਕੰਮ' ਦੇ ਰੂਪ ਵਿਚ ਵੇਖਦਾ ਹਾਂ?'' ਯਿਸੂ ਨੇ ਹੈਕਲ ਵਿਚ ਇਹ ਵਿਖਾਇਆ ਕਿ ਪਰਮੇਸ਼ੁਰ ਦੀ ਸੰਤਾਨ ਕਿਸੇ ਵੀ ਉਸ ਚੀਜ਼ ਪ੍ਰਤੀ ਜੋ ਪਿਤਾ ਲਈ ਅਹਿਮ ਹੈ, ਲਾਪਰਵਾਹ ਨਹੀਂ ਹੋ ਸਕਦੀ।

## ਅਸੀਂ ਮਿਸ਼ਨ ਦੀ ਉਹਦੀ ਸਮਝ ਨੂੰ ਵੇਖਦੇ ਹਾਂ (2:18-22)

ਹੈਕਲ ਲਈ ਯਿਸੂ ਦੀ ਗ਼ੈਰਤ ਦੇ ਇਜ਼ਹਾਰ ਤੋਂ ਹਰ ਕੋਈ ਖੁਸ਼ ਨਹੀਂ ਸੀ। ਉਹ ਹੈਰਾਨ ਸਨ ਕਿ ਉਨ੍ਹਾਂ ਦਾ ਦਿਨ ਭਰ ਦਾ ਕੰਮ ਅਤੇ ਕਾਰੋਬਾਰ ਵਿਚ ਮੁਸ਼ਕਿਲ ਪਾਉਣ ਦਾ ਹੱਕ ਉਸ ਨੂੰ ਕਿਸ ਨੇ ਦਿੱਤਾ? ਇਸ ਲਈ ਉਨ੍ਹਾਂ ਯਿਸੂ ਤੋਂ ਪੁੱਛਿਆ, ''ਤੂੰ ਕਿਹੜਾ ਨਿਸ਼ਾਨ ਨੂੰ ਵਿਖਾਲਦਾ ਹੈਂ ਜੋ ਏਹ ਕੰਮ ਕਰਦਾ ਹੈਂ?'' (2:18)। ਯਿਸੂ ਨੇ ਉਨ੍ਹਾਂ ਦੀ ਬੇਨਤੀ ਅਨੁਸਾਰ ਕੋਈ ਅਚਰਜ ਕੰਮ ਕਰਨ ਦੀ ਬਜਾਇ ਉਨ੍ਹਾਂ ਨੂੰ ਦੱਸਿਆ ਕਿ ਜੇ ਉਹ ਹੈਕਲ ਨੂੰ ਢਾਹ ਦੇਣ ਤਾਂ ਉਹ ਉਸ ਨੂੰ ਤਿੰਨ ਦਿਨਾਂ ਵਿਚ ਫੇਰ ਬਣਾ ਖੜੀ ਕਰੇਗਾ (2:19)। ਆਪਣੇ ਆਲੇ-ਦੁਆਲੇ ਟਨਾਂ ਪੱਥਰਾਂ ਤੋਂ ਵਿਸ਼ਾਲ ਦੀਵਾਰਾਂ ਬਾਰੇ ਵਿਚ ਅਜਿਹਾ ਦਾਅਵਾ ਕਿਸੇ ਪਾਗਲ ਦੇ ਵਾਅਦੇ ਵਰਗਾ ਲਗਦਾ ਸੀ। ਯੂਹੰਨਾ ਨੇ ਸਮਝਾਇਆ ਕਿ ਯਿਸੂ ਆਪਣੀ ਦੇਹ ਦੀ ਗੱਲ ਕਰ ਰਿਹਾ ਸੀ ਜਿਸ ਨੂੰ ਸਲੀਬ ਉੱਤੇ ''ਢਾਹਿਆ'' ਜਾਣਾ ਸੀ ਅਤੇ ਪਰਮੇਸ਼ੁਰ ਦੀ ਸਮਰਥ ਨਾਲ ਉਸ ਨੇ ਤੀਜੇ ਦਿਨ ''ਜੀ ਉੱਠਣਾ'' ਸੀ (2:21)।

ਯਿਸੂ ਦੇ ਸੂਲੀ ਦਿੱਤੇ ਜਾਣ ਅਤੇ ਜੀ ਉੱਠਣ ਦੇ ਬਾਅਦ, ਚੇਲਿਆਂ ਨੂੰ ਉਹਦੀਆਂ ਗੱਲਾਂ ਯਾਦ ਆਈਆਂ। ਸਲੀਬ ਚੜ੍ਹਨਾ ਸਭ ਤੋਂ ਵੱਡਾ ''ਨਿਸ਼ਾਨ'' ਬਣ ਗਿਆ ਸੀ। ਨਿਸ਼ਾਨ ਹੋਣ ਕਰਕੇ ਚੇਲਿਆਂ ਵੱਲੋਂ ਪਵਿੱਤਰ ਲਿਖਤਾਂ ਅਤੇ ਯਿਸੂ ਦੀਆਂ ਗੱਲਾਂ ਵਿਚ ''ਵਿਸ਼ਵਾਸ'' (2:22) ਕਰਨ ਨਾਲ ਉਹਦਾ ਉਦੇਸ਼ ਪੂਰਾ ਹੋ ਗਿਆ।

## ਸਾਰ

ਇੰਜੀਲ ਦੇ ਯੂਹੰਨਾ ਦੇ ਬ੍ਰਿਤਾਂਤ ਨੂੰ ਪੜ੍ਹਨ ਤੇ, ਸਾਨੂੰ ਪਤਾ ਲਗਦਾ ਹੈ ਕਿ ਆਰੰਭ ਤੋਂ ਪਹਿਲਾਂ ਹੀ ਮੁੜ ਜੀ ਉੱਠਣ ਦੇ ਨਾਲ ਇੰਜੀਲ ਦੀ ਇਹ ਕਿਤਾਬ ਪੂਰੀ ਹੋ ਜਾਂਦੀ ਹੈ। ਜਿਸ

ਕਾਰਣ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਸਿਰਫ਼ ਚੇਲਿਆਂ ਦੇ ਦਰਸ਼ਨ ਨਾਲ ਹੀ ਅਸੀਂ ਪੂਰੀ ਇੰਜੀਲ ਨੂੰ ਪੜ੍ਹਦੇ ਹਾਂ। ਅੱਜ ਜਦ ਅਸੀਂ ਪੜ੍ਹਦੇ ਹਾਂ ਤਾਂ ਆਤਮਾ ਦਾ ਉਦੇਸ਼ ਇਹੀ ਹੁੰਦਾ ਹੈ ਕਿ ਅਸੀਂ ਉਵੇਂ ਹੀ ਕਬੂਲ ਕਰੀਏ ਜਿਵੇਂ ਪਹਿਲੀ ਸਦੀ ਵਿਚ ਚੇਲਿਆਂ ਨੇ ਕੀਤਾ ਸੀ ਭਾਵ ਵਿਸ਼ਵਾਸ ਕਰੀਏ ਕਿ ਯਿਸੂ ਹੀ ਮਸੀਹ ਭਾਵ ਪਰਮੇਸ਼ੁਰ ਦਾ ਪੁੱਤਰ ਹੈ; ਅਤੇ ਇਹ ਵਿਸ਼ਵਾਸ ਕਰਕੇ ਉਸ ਦੇ ਨਾਮ ਤੋਂ ਹਮੇਸ਼ਾ ਦੀ ਜ਼ਿੰਦਗੀ ਪਾਈਏ।

ਟਿੱਪਣੀਆਂ

[1]ਮੋਅਜਜ਼ਿਆਂ ਰਾਹੀਂ ਪੰਜ ਹਜ਼ਾਰ ਲੋਕਾਂ ਨੂੰ ਖੁਆਉਣਾ (ਯੂਹੰਨਾ 6:1-15) ਅਤੇ ਮਸੀਹ ਨੂੰ ਸਲੀਬ ਚੜ੍ਹਾਇਆ ਜਾਣਾ ਦੋਵੇਂ ਹੀ ਪਸਾਹ ਦੇ ਰੁਮਾਂਚ ਸਮੇਂ ਹੋਏ। [2]ਇਸ ਕਿਤਾਬ ਵਿਚ ਹੈਕਲ ਦਾ ਰੇਖਾ-ਚਿੱਤਰ ਵੇਖੋ। [3]ਮੱਤੀ 21:13; ਮਰਕੁਸ 11:17; ਲੂਕਾ 19:46. [4]ਮੱਤੀ 5:21-24; ਅਫ਼ਸੀਆਂ 4:25-32. [5]ਮਰਕੁਸ 3:5; ਇਬਰਾਨੀਆਂ 4:15.